# ਮੈਡੀਕਲ ਸੋਸ਼ਲ ਸੇਵਾ
# Medical Social Services

ਮੈਡੀਕਲ ਸੋਸ਼ਲ ਵਰਕਰਜ਼ (ਐਮ ਐਸ ਡਬਲਿਯੂਜ਼-MSW) ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਮਾਂਬੱਧ ਮਨੋਸਮਾਜਿਕ ਦਖਲਅੰਦਾਜ਼ੀ ਪ੍ਰਦਾਨ ਕਰਨ ਅਤੇ ਬਿਮਾਰੀ, ਸਦਮਾ ਜਾਂ ਅਪੰਗਤਾਵਾਂ ਤੋਂ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਦਾ ਟਾਕਰਾ ਕਰਨ ਲਈ ਉਨ੍ਹਾਂ ਦੀ ਮਦਦ ਕਰਨ ਲਈ ਜਨਤਕ ਹਸਪਤਾਲਾਂ ਅਤੇ ਵਿਸ਼ੇਸ਼ਗ ਆਊਟ-ਪੇਸ਼ੈਂਟ ਵਿਚ ਨਿਯੁਕਤ ਹਨ। ਕਿਉਂਕਿ ਐਮ ਐਸ ਡਬਲਿਯੂਜ਼ (MSWs) ਕਲੀਨਿਕਲ ਟੀਮਾਂ ਦੇ ਮੈਂਬਰ ਹਨ ਇਸ ਕਰਕੇ ਉਹ ਮਰੀਜ਼ ਦੇ ਮੁੜ ਵਸੇਬੇ ਅਤੇ ਭਾਈਚਾਰੇ ਵਿਚ ਉਨ੍ਹਾਂ ਦੇ ਮੁੜ ਏਕੀਕਰਣ ਵਿਚ ਸੁਵਿਧਾ ਪ੍ਰਦਾਨ ਕਰਨ ਲਈ ਮੈਡੀਕਲ ਅਤੇ ਸਮਾਜਿਕ ਸੇਵਾਵਾਂ ਨੂੰ ਜੋੜਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

Medical Social Workers (MSWs) are stationed in public hospitals and some specialist out-patient clinics to provide timely psychosocial intervention to patients and their families and help them cope with problems arising from illness, trauma or disabilities. MSWs being members of the clinical teams play an important role in linking up the medical and social services to facilitate patients' rehabilitation and reintegration into the community.

ਮੈਡੀਕਲ ਸੋਸ਼ਲ ਵਰਕਰ ਦੇ ਵੱਜੋਂ, ਅਸੀਂ ਇਸ ਲਈ ਖੁਸ਼ ਹਾਂ:

- ਕਾਊਂਸਲਿੰਗ ਦੇ ਰਾਹੀਂ ਬਿਮਾਰੀ, ਸਦਮੇ ਅਤੇ ਅਪੰਗਤਾਵਾਂ ਤੋਂ ਪੈਦਾ ਹੋਣ ਵਾਲੀਆਂ ਭਾਵਨਾਤਮਕ ਅਤੇ ਰੋਜ਼ਾਨਾ ਜੀਵਨ ਦੀਆਂ ਸਮੱਸਿਆਵਾਂ ਦਾ ਪ੍ਰਬੰਧਨ ਕਰਨ ਵਿਚ ਤੁਹਾਡੀ ਸਹਾਇਤਾ ਕਰਕੇ;
- ਤੁਹਾਨੂੰ ਅਜਿਹੀਆਂ ਸੇਵਾਵਾਂ ਮੁਹੱਈਆ ਕਰਵਾ ਕੇ ਜੋ ਤੁਹਾਡੀ ਸਰਵਪੱਖੀ ਮੁੜ ਵਸੇਬੇ ਅਤੇ ਭਾਈਚਾਰੇ ਵਿਚ ਮੁੜ ਏਕੀਕਰਣ ਵਿਚ ਯੋਗਦਾਨ ਪਾਉਂਦੀਆਂ ਹਨ;
- ਤੁਹਾਨੂੰ ਕਲੀਨਿਕਲ ਟੀਮਾਂ ਦੇ ਨਾਲ ਇਲਾਜ ਤੋਂ ਛੁੱਟੀ ਮਿਲਣ ਦੀ ਯੋਜਨਾ ਬਣਾਉਣ ਵਿਚ ਮਦਦ ਕਰਕੇ ਅਤੇ ਤੁਹਾਡੇ ਅਤੇ ਤੁਹਾਡੇ ਪਰਿਵਾਰਾਂ ਲਈ ਮੁੜ ਵਸੇਬਾ ਸੇਵਾਵਾਂ ਅਤੇ ਭਾਈਚਾਰਕ ਸੰਸਾਧਨਾਂ ਲਈ ਹਵਾਲਗੀਆਂ ਦੇ ਕੇ;
- ਵਿੱਤੀ ਸਹਾਇਤਾ ਜਿਵੇਂ ਕਿ ਮੈਡੀਕਲ ਖਰਚਿਆਂ ਤੋਂ ਛੂਟ, ਮੈਡੀਕਲ ਉਪਕਰਣਾਂ ਆਦਿ ਦੀ ਖ੍ਰੀਦ ਲਈ ਖੈਰਾਤੀ/ਟਰੱਸਟ ਫੰਡਾਂ ਲਈ ਦਰਖਾਸਤ ਦੇਣ ਵਿਚ ਤੁਹਾਡੀ ਮਦਦ ਕਰਕੇ;
- ਤੁਹਾਡੇ ਪਰਿਵਾਰਾਂ ਅਤੇ ਭਾਈਚਾਰੇ ਦੀ ਸਿਹਤ ਜਾਗਰੂਕਤਾ ਨੂੰ ਵਧਾ ਕੇ।

As Medical Social Workers, we are glad to:

- Assist you in managing emotional and daily life problems arising from illness, trauma and disabilities through counselling ;
- Provide you with services contributing to your holistic rehabilitation and reintegration into the community ;
- Help you formulate discharge plan with the clinical teams, and make referrals for rehabilitation services and community resources for you and your families ;
- Assist you in applying for financial assistance such as waiving of medical charges, charitable/ trust funds for purchase of medical appliances, etc ;
- Promote your health awareness and that of your families and the community.

ਜੇ ਤੁਹਾਨੂੰ ਸਾਡੀ ਸੇਵਾ ਚਾਹੀਦੀ ਹੈ:

ਕਿਰਪਾ ਕਰਕੇ ਜਨਤਕ ਹਸਪਤਾਲਾਂ/ ਵਿਸ਼ੇਸ਼ਗ ਆਊਟ-ਪੇਸ਼ੈਂਟ ਕਲੀਨਿਕਸ ਕੋਲ ਸਿੱਧੇ ਪਹੁੰਚ ਕਰੋ ਜਾਂ ਹਸਪਤਾਲਾਂ/ਕਲੀਨਿਕਾਂ ਵਿਚ ਮੌਜੂਦ ਮੈਡੀਕਲ ਅਤੇ ਅਲਾਇਡ ਹੈਲਥ ਪੇਸ਼ੇਵਰਾਂ ਤੋਂ ਹਵਾਲਗੀਆਂ ਬਾਰੇਪੁੱਛੋ।

If you are in need of our service:

Please approach the Medical Social Services Units in public hospitals/ specialist out-patient clinics directly or ask for referrals from medical and allied health professionals in the hospitals/ clinics.

| | |
|---|---|
| ਸੋਸ਼ਲ ਵੈਲਫੇਅਰ ਡਿਪਾਰਟਮੈਂਟ ਹਾਟਲਾਈਨ (24 ਘੰਟੇ) | 2343 2255 |
| Social Welfare Department Hotline (24 hours) | |
| ਹਾਸਪੀਟਲ ਅਥਾਰਟੀ ਮੈਂਟਲ ਹੈਲਥ ਡਾਈਰੈਕਟ (24 ਘੰਟੇ) | 2466 7350 |
| Hospital Authority Mental Health Direct (24 hours) | |
| ਫੈਮਿਲੀ ਕ੍ਰਾਇਸਿਸ ਸਪੋਰਟ ਸੈਂਟਰ ਹਾਟਲਾਈਨ (24 ਘੰਟੇ) | 18288 |
| Family Crisis Support Centre Hotline (24 hours) | |
| ਦਿ ਸਮਾਰੀਟਨਜ਼ ਬੀਫ੍ਰੈਂਡਰਜ਼ ਹਾਂਗ ਕਾਂਗ ਹਾਟਲਾਈਨ (24 ਘੰਟੇ) | 2389 2222 |
| The Samaritan Befrienders Hong Kong Hotline (24 hours) | |
| ਸੁਸਾਇਡ ਪ੍ਰੀਵੈਨਸ਼ਨ ਹਾਟਲਾਈਨ (24 ਘੰਟੇ) | 2382 0000 |
| Suicide Prevention Hotline (24 hours) | |
| ਬਹਿਰੇ ਵਿਅਕਤੀਆਂ ਲਈ ਫੈਕਸ ਨੰਬਰ | 2763 5874 |
| Fax Number for Hearing Impaired Persons | |
| ਸੋਸ਼ਲ ਵੈਲਫੇਅਰ ਡਿਪਾਰਟਮੈਂਟ ਦੀ ਵੈਬਸਾਇਟ | http://www.swd.gov.hk |
| Website of Social Welfare Department | |

ਨਵੰਬਰ 2021

November 2021